ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ: ਮੁੱਖ/ਐਡਮਨ, ਉਦਯੋਗਿਕ ਸੰਪਰਕ ਸ਼ਾਖਾ, ਪਟਿਆਲਾ)

ਵੱਲ

1. ਸਾਰੇ ਜੀ.ਐਮ./ਇੰਜੀ: ਇੰਨ ਚੀਫ/ਮੁੱਖ ਇੰਜੀਨੀਅਰ ਸਮੇਤ ਸਾਰੇ ਪਲਾਂਟਸ, ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ.।
2. ਸਾਰੇ ਵਿਭਾਗਾਂ ਦੇ ਮੁੱਖੀ, ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ:।
3. ਨਿਗਰਾਨ ਇੰਜੀ:/ ਸੀਨੀ: ਕਾ:ਕਾ: ਇੰਜੀ:/ਉਪ ਮੰਡਲ ਅਫਸਰ, ਪੰ.ਸ.ਪ.ਕ.ਲਿਮ:/ਪ.ਸ.ਟ.ਕ. ਲਿਮਟਡ।
4. ਸਮੂਹ ਉਪ ਸਕੱਤਰ/ਅਧੀਨ ਸਕੱਤਰ, ਪੰ.ਸ.ਪ.ਕ.ਲਿਮ:/ਪ.ਸ ਟ..ਕ.ਲਿਮ:।

ਮੀਮੋ ਨੰਬਰ : 26567/28067/ਆਈ.ਆਰ.ਓ.-444, ਮਿਤੀ 9/4/2012

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਵੱਲੋਂ ਮਿਤੀ 1.1.2004 ਤੋਂ ਪਹਿਲਾਂ ਅਤੇ ਬਾਅਦ ਵਿੱਚ ਕੀਤੀ ਦਿਹਾੜੀਦਾਰ/ਵਰਕਚਾਰਜ ਸੇਵਾ ਨੂੰ ਪੈਨਸ਼ਨਰੀ ਲਾਭਾਂ ਲਈ ਗਿਣਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ) ਦਾ ਪੱਤਰ ਨੰ: 3/14/2011-3ਵਿਪਪਤ/154 ਮਿਤੀ 23.2.2012 ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ/ਪੰ:ਰਾ:ਟ:ਕਾ:ਲਿ:, ਇੰਨ ਬਿੰਨ ਅਪਣਾਉਣ ਵਿੱਚ ਪ੍ਰਸੰਨਤਾ ਅਨੁਭਵ ਕਰਦਾ ਹੈ।

ਇੰਨ੍ਹਾ ਹਦਾਇਤਾ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਜੀ।

ਨੱਥੀ/ ਉਪਰੋਕਤ ਅਨੁਸਾਰ (ਪਿਛਲੇ ਪੰਨੇ ਤੇ)।

ਮੁੱਖ/ਐਡਮਨ,
ਪੰ.ਸ.ਪ.ਕ.ਲਿਮ. ਪਟਿਆਲਾ।

ਪਿੱਠ ਅੰਕਣ ਨੰਬਰ :28068/28168 /ਆਈ ਆਰ ਓ -444, ਮਿਤੀ : 9/4/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸੁਪਰਡੈਂਟ/ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ, ਚੰਡੀਗੜ੍ਹ ਜੀ ਨੂੰ ਉਨ੍ਹਾਂ ਦੇ ਪੱਤਰ ਨੰ: 3/14/2011-3ਵਿਪਪਤ/154 ਮਿਤੀ ਚੰਡੀਗੜ੍ਹ 23.2.2012 ਦੇ ਹਵਾਲੇ ਵਿੱਚ।
2) ਡੀ.ਜੀ:ਪੀ./ ਵੀ. ਤੇ ਐਸ., ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ:।
3) ਵਿੱਤ ਸਲਾਹਕਾਰ/ਮੁੱਖ ਲੇਖਾ ਅਫਸਰ/ ਲੇਖਾ ਪੜਤਾਲਕਾਰ, ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ:।
4) ਕਾਨੂੰਨੀ ਸਲਾਹਕਾਰ, ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ:।
5) ਏ.ਐਫ.ਐਮ./ਜੀ.ਐਨ.ਡੀ.ਟੀ.ਪੀ., ਬਠਿੰਡਾ, ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ, ਗੀ.ਗੀ.ਐਸ.ਐਸ. ਟੀ. ਪੀ. ਰੋਪੜ ਉਪ ਮੁੱਖ ਲੇਖਾ ਅਫਸਰ/ਜੀ.ਐਚ.ਟੀ.ਪੀ., ਲਹਿਰਾ ਮੁਹੱਬਤ।
6) ਸਾਰੇ ਸੀਨੀ: ਲੇਖਾ ਅਫਸਰ, ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ:।
7) ਪੀ.ਐਸ.ਟੂ. ਸੀ.ਐਮ.ਡੀ., ਡਾਇਰੈਕਟਰੈਕਟਰਜ਼, ਪੰ.ਸ.ਪ.ਕ.ਲਿਮ:/ਪ.ਸ. ਟ.ਕ.ਲਿਮ:।
9) ਪੀ.ਐਸ.ਟੂ. ਮੁਖ/ਐਡਮਨ, ਪੰ.ਸ.ਪ.ਕ.ਲਿਮ./ਪ.ਸ. ਟ.ਕ.ਲਿਮ.।
10) ਸਮੂਹ ਮੁੱਖ ਭਲਾਈ ਅਫਸਰ/ਕਿਰਤ ਭਲਾਈ ਅਫਸਰ/ਸਹਾਇਕ ਕਿਰਤ ਭਲਾਈ ਅਫਸਰ।

ਕਿਰਤ ਭਲਾਈ ਅਫਸਰ,
ਪੰ.ਸ.ਪ.ਕ.ਲਿਮ:,ਪਟਿਆਲਾ ।

ਸੰ ਸਾ

ਨਿਗਰਾਨ ਇੰਜੀ:/ਆਈ.ਟੀ., ਪੰ:ਰਾ:ਪਾ:ਕਾ:ਲਿ:, ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇੰਨ੍ਹਾਂ ਹਦਾਇਤਾਂ ਨੂੰ ਕਾਰਪੋਰੇਸ਼ਨ ਦੀ ਵੈਬਸਾਈਟ ਤੇ ਪਾਇਆ ਜਾਵੇ ਜੀ।

ਨੰਬਰ 3/14/2011-3ਵਿਪਪਤ/ 154
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)
ਮਿਤੀ, ਚੰਡੀਗੜ੍ਹ: 23.02.2012

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਵੱਲੋਂ ਮਿਤੀ 1 ਜਨਵਰੀ, 2004 ਤੋਂ ਪਹਿਲਾਂ ਅਤੇ ਬਾਅਦ ਵਿਚ ਕੀਤੀ ਦਿਹਾੜੀਦਾਰ/ ਵਰਕਚਾਰਜ ਸੇਵਾ ਨੂੰ ਪੈਨਸ਼ਨਰੀ ਲਾਭਾਂ ਲਈ ਗਿਣਨ ਬਾਰੇ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ (ਵਿੱਤ ਵਿਭਾਗ) ਵੱਲੋਂ ਜਾਰੀ ਕੀਤੇ ਪੱਤਰ ਨੰ:1/5/89-ਵਿਪ੍ਰ3/8078 ਮਿਤੀ 31.08.89, ਪੱਤਰ ਨੰ:10/34/90-6ਵਿਪ੍ਰ3/1013 ਮਿਤੀ 06.02.91 ਅਤੇ ਪੱਤਰ ਨੰ:10/34/90-6ਵਿਪ3/9871 ਮਿਤੀ 23.12.91, ਪੱਤਰ ਨੰ:10/34/90-6ਵਿਪ੍ਰ3/2373 ਮਿਤੀ 11.03.92 ਅਤੇ ਪੱਤਰ ਨੰ:10/34/90-6ਵਿਪ੍ਰ3/3068-69 ਮਿਤੀ 27.03.97 ਵੱਲ ਦਿਵਾਇਆ ਜਾਂਦਾ ਹੈ। ਇਨ੍ਹਾਂ ਪੱਤਰਾਂ ਰਾਹੀਂ ਇਹ ਫੈਸਲਾ ਕੀਤਾ ਹੋਇਆ ਹੈ ਕਿ ਪੰਜਾਬ ਸਰਕਾਰ ਦੇ ਜਿਹੜੇ ਕਰਮਚਾਰੀ ਦੀ ਵਰਕਚਾਰਜ ਸੇਵਾ ਜਾਂ ਉਹ ਸੇਵਾ ਜਿਸ ਦੀ ਅਦਾਇਗੀ ਸੁਚੇਤ ਫੰਡ (paid from contingency) ਵਿਚੋਂ ਕੀਤੀ ਜਾਂਦੀ ਹੈ, ਦੀ ਮਿਤੀ 01.01.86 ਤੋਂ ਪਹਿਲਾਂ ਅਤੇ ਬਾਅਦ ਵਿਚ ਨਿਯਮਤ ਹੋ ਚੁੱਕੇ ਹਨ, ਉਨ੍ਹਾਂ ਦੀ ਕੀਤੀ ਸੇਵਾ ਨੂੰ ਪੈਨਸ਼ਨਰੀ ਲਾਭਾਂ ਲਈ ਗਿਣਿਆ ਜਾਣਾ ਹੈ।

2. ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਬਤੌਰ ਦਿਹਾੜੀਦਾਰ/ਵਰਕਚਾਰਜ ਕਾਮੇ ਜਿਨ੍ਹਾਂ ਦੀ ਸੇਵਾ ਮਿਤੀ 01.01.2004 ਤੋਂ ਪਹਿਲਾਂ ਸਰਕਾਰ ਦੀ ਪਾਲਿਸੀ ਦੇ ਸਨਮੁੱਖ ਨਿਯਮਤ ਕੀਤੀ ਜਾ ਚੁੱਕੀ ਹੈ, ਉਨ੍ਹਾਂ ਵੱਲੋਂ ਬਤੌਰ ਦਿਹਾੜੀਦਾਰ/ਵਰਕਚਾਰਜ ਕਾਮਾ ਕੀਤੀ ਗਈ ਸੇਵਾ ਨੂੰ ਪੈਨਸ਼ਨ ਲਈ ਕੁਆਲੀਫਾਇੰਗ ਸੇਵਾ ਵਿਚ ਗਿਣਦੇ ਹੋਏ ਪੈਨਸ਼ਨਰੀ ਲਾਭ ਦੇ ਦਿੱਤੇ ਜਾਣ।

3. ਜਿਨ੍ਹਾਂ ਦਿਹਾੜੀਦਾਰ/ਵਰਕਚਾਰਜ ਕਾਮਿਆਂ ਦੀਆਂ ਸੇਵਾਵਾਂ ਮਿਤੀ 01.01.2004 ਤੋਂ ਬਾਅਦ ਨਿਯਮਤ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਸਰਕਾਰ ਦੇ ਪੱਤਰ ਨੰ: 3/72/2003-3ਵਿਪਪਤ/7280-87 ਮਿਤੀ 12.12.2006 ਅਤੇ 25.05.2011 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਕੰਟਰੀਬਿਊਟਰੀ ਪੈਨਸ਼ਨ ਲੈਣ ਦੇ ਹੱਕਦਾਰ ਹੋਣਗੇ।

4. ਇਸ ਲਈ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਦਿਹਾੜੀਦਾਰ/ਵਰਕਚਾਰਜ ਸੇਵਾ ਨੂੰ ਪੈਨਸ਼ਨ/ਪੈਨਸ਼ਨਰੀ ਲਾਭਾਂ ਲਈ ਗਿਣਨ ਸਬੰਧੀ ਵਿਭਾਗ ਵਿਚ ਲੰਬਿਤ ਪਏ ਕੇਸਾਂ ਦਾ ਨਿਪਟਾਰਾ ਪ੍ਰਬੰਧਕੀ ਵਿਭਾਗ ਦੀ ਪੱਧਰ ਤੇ ਸਮੇਂ ਸਿਰ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਜੇਕਰ ਕੋਈ ਕਰਮਚਾਰੀ ਅਦਾਲਤ ਵਿਚ ਕੇਸ ਕਰਦਾ ਹੈ ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।

ਵਿਸ਼ਵਾਸਪਾਤਰ

23/2/12
(ਊਸ਼ਾ ਸਹਿਗਲ)
ਸੰਯੁਕਤ ਸਕੱਤਰ ਵਿੱਤ